1237/ਮੈਂਜ਼ੀ
17/11/15


# Punjab Dairy Development Board

## ਪੰਜਾਬ ਡੇਅਰੀ ਵਿਕਾਸ ਬੋਰਡ

**Office:** SCO 1106-07, Sector 22 B, Chandigarh,
**Tel:** 0172 2700 228, 5025 242, **Fax No:** 0172 2700 055
**email ID:** director_dairy@rediffmail.com **website:** www.pddb.in


ਸੇਵਾ ਵਿਖੇ

ਡੀ.ਪੀ.ਆਈ. (ਸਕੈਂਡਰੀ),
ਪੰਜਾਬ ਸਕੂਲ ਸਿਖਿਆ ਬੋਰਡ,
ਸੈਕਟਰ-62, ਐਸ.ਏ.ਐਸ.ਨਗਰ।

51718
5/11/15

ਨੰ. 11487
ਮਿਤੀ: 2/11/15

ਵਿਸਾ: ਰਾਜ ਵਿੱਚ ਸੀਨੀਅਰ ਸਕੈਂਡਰੀ ਜਮਾਤਾਂ ਦੇ ਵਿਦਿਆਰਥੀਆਂ ਲਈ "ਦੁੱਧ ਇੱਕ ਸੰਪੂਰਨ ਖੁਰਾਕ ਹੈ" ਵਿਸ਼ੇ ਤੇ ਲੇਖ ਮੁਕਾਬਲਾ ਕਰਵਾਉਣ ਸਬੰਧੀ।

ਪਿਛਲੇ 2 ਸਾਲਾਂ ਵਾਂਗ ਇਸ ਸਾਲ ਵੀ ਪੰਜਾਬ ਡੇਅਰੀ ਵਿਕਾਸ ਬੋਰਡ ਵਲੋਂ ਰਾਜ ਵਿੱਚ ਸੀਨੀਅਰ ਸਕੈਂਡਰੀ ਜਮਾਤਾਂ ਦੇ ਵਿਦਿਆਰਥੀਆਂ ਲਈ ਦੁੱਧ ਦੀ ਮਹੱਤਤਾ ਸਬੰਧੀ ਲੇਖ ਮੁਕਾਬਲਾ ਕਰਵਾਇਆ ਜਾ ਰਿਹਾ ਹੈ। ਇਸ ਦਾ ਮੁੱਖ ਮਕਸਦ ਇਸ ਵਰਗ ਦੇ ਬੱਚਿਆਂ ਨੂੰ ਸ਼ੁੱਧ ਦੁੱਧ ਦੀ ਮਹੱਤਤਾ ਬਾਰੇ ਜਾਗਰੂਕ ਕਰਨਾ ਅਤੇ ਨਰੋਈ ਸਿਹਤ ਪ੍ਰਤੀ ਚੇਤਨ ਕਰਨਾ ਹੈ। ਇਸ ਨਾਲ ਬੱਚਿਆਂ ਦੀ ਲਿਖਣ ਕਲਾ ਵਿੱਚ ਵੀ ਨਿਖਾਰ ਆਉਂਦਾ ਹੈ। ਇਸ ਸਾਲ ਦੇ ਲੇਖ ਦਾ ਵਿਸ਼ਾ "ਦੁੱਧ ਇੱਕ ਸੰਪੂਰਨ ਖੁਰਾਕ ਹੈ" ਰੱਖਿਆ ਗਿਆ ਹੈ। ਇਹ ਲੇਖ ਪੰਜਾਬੀ/ ਅੰਗਰੇਜੀ ਭਾਸ਼ਾ ਵਿੱਚ ਹੋ ਸਕਦੇ ਹਨ। ਲੇਖ ਵੱਧ ਤੋਂ ਵੱਧ 250 ਸ਼ਬਦਾਂ ਤੱਕ ਸੀਮਤ ਹੋਣਾ ਚਾਹੀਦਾ ਹੈ। ਵਿਦਿਆਰਥੀਆਂ ਵਲੋਂ ਲਿਖੇ ਲੇਖ ਸਬੰਧਤ ਸਕੂਲ ਦੇ ਪ੍ਰਿੰਸੀਪਲ ਵਲੋਂ ਇਸ ਗੱਲ ਲਈ ਤਸਦੀਕ ਕੀਤੇ ਜਾਣਗੇ ਕਿ ਇਹ ਵਿਦਿਆਰਥੀ ਦੀ ਆਪਣੀ ਮੌਲਿਕ ਰਚਨਾ ਹੈ। ਅਜਿਹੇ ਲੇਖ ਇਸ ਦਫਤਰ ਵਿੱਚ ਪਹੁੰਚਣ ਦੀ ਆਖਰੀ ਮਿਤੀ 11-12-2015 ਰੱਖੀ ਗਈ ਹੈ। ਮਿੱਥੀ ਮਿਤੀ ਤੱਕ ਪ੍ਰਾਪਤ ਲੇਖਾਂ ਦਾ ਮੁਲਾਂਕਣ ਵਿਸ਼ਾ ਮਾਹਰਾਂ ਵਲੋਂ ਕੀਤਾ ਜਾਵੇਗਾ। ਪਹਿਲੇ ਤਿੰਨ ਸਥਾਨਾਂ ਦੇ ਜੇਤੂਆਂ ਨੂੰ ਇੱਕ ਰਾਜ ਪੱਧਰੀ ਸਮਾਗਮ ਵਿੱਚ ਸਨਮਾਨਿਤ ਕੀਤਾ ਜਾਵੇਗਾ। ਇਹ ਸਮਾਗਮ ਦਸੰਬਰ, 2015 ਦੇ ਚੌਥੇ ਹਫਤੇ ਵਿੱਚ ਆਯੋਜਿਤ ਕੀਤਾ ਜਾਵੇਗਾ।

ਆਪਜੀ ਨੂੰ ਬੇਨਤੀ ਹੈ ਕਿ ਰਾਜ ਦੇ ਸਾਰੇ ਸੀਨੀਅਰ ਸਕੈਂਡਰੀ ਸਕੂਲਾਂ ਨੂੰ ਸੂਚਿਤ ਕਰਨ ਅਤੇ ਸੀਨੀਅਰ ਸਕੈਂਡਰੀ ਜਮਾਤਾਂ ਦੇ ਵਿਦਿਆਰਥੀਆਂ ਨੂੰ ਇਸ ਲੇਖ ਮੁਕਾਬਲੇ ਵਿੱਚ ਭਾਗ ਲੈਣ ਲਈ ਪ੍ਰੇਰਿਤ ਕਰਨ ਦੀ ਖੇਚਲ ਕੀਤੀ ਜਾਵੇ ਜੀ।

ਵਧੀਕ ਮੁੱਖ ਕਾਰਜਕਾਰੀ ਅਫਸਰ

ਮਿਤੀ: 2/11/15

ਪਿੱਠ ਅੰਕਣ ਨੰ. 11488
ਉਪਰੋਕਤ ਦਾ ਉਤਾਰਾ ਡਾਇਰੈਕਟਰ ਜਨਰਲ ਸਕੂਲ ਸਿਖਿਆ, ਪੰਜਾਬ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਵਧੀਕ ਮੁੱਖ ਕਾਰਜਕਾਰੀ ਅਫਸਰ

....\Gayatri\Letter, DC Letter & Office Order\Letter Punjab\Letter Pbi PDDB.docx